Patient Education

**COVID-19 ਟੈਸਟ**

You must carefully read the "Consumer Information Use and Disclaimer" below in order to understand and correctly use this information

## ਇਹ ਕਾਰਵਾਈ ਕਿਉਂ ਕੀਤੀ ਗਈ ਹੈ?

ਕੋਰੋਨਾਵਾਇਰਸ ਬਿਮਾਰੀ 2019 ਨੂੰ ਕੋਵਿਡ -19 (COVID-19) ਵੀ ਕਿਹਾ ਜਾਂਦਾ ਹੈ। ਇਹ ਇੱਕ ਵਾਇਰਸ (ਵਿਸ਼ਾਣੂ) ਦੇ ਕਾਰਨ ਹੁੰਦੀ ਹੈ ਜਿਸਨੂੰ ਐਸਏਆਰਐਸ (SARS)-ਸਬੰਧਤ ਕੋਰੋਨਾਵਾਇਰਸ (SARS-CoV-2) ਕਹਿੰਦੇ ਹਨ। ਡਾਕਟਰ ਇਹ ਦੇਖਣ ਲਈ ਟੈਸਟ ਕਰਵਾਉਣ ਦਾ ਆਦੇਸ਼ ਦੇ ਸਕਦੇ ਹਨ ਕਿ ਕੀ ਤੁਸੀਂ ਵਰਤਮਾਨ ਵਿੱਚ COVID-19 ਨਾਲ ਸੰਕਰਮਿਤ ਹੋ। ਉਹ ਦੇਖਣ ਲਈ ਵੀ ਟੈਸਟ ਕਰ ਸਕਦੇ ਹਨ ਕਿ ਕੀ ਤੁਹਾਨੂੰ ਪਹਿਲਾਂ ਕੋਵਿਡ-19 ਸੀ।

ਇਹ ਸਮਝਣਾ ਮਹੱਤਵਪੂਰਨ ਹੈ ਕਿ ਤੁਸੀਂ ਕਿਸ ਤਰ੍ਹਾਂ ਦੇ ਟੈਸਟ ਕਰਵਾਉਂਦੇ ਹੋ। ਡਾਕਟਰ ਇਹ ਪਤਾ ਲਗਾਉਣ ਲਈ ਇੱਕ ਵਾਇਰਲ ਟੈਸਟ ਦੀ ਵਰਤੋਂ ਕਰਦੇ ਹਨ ਕਿ ਕੀ ਤੁਸੀਂ ਕੋਵਿਡ-19 ਨਾਲ ਬਿਮਾਰ ਹੋ। ਜ਼ਿਆਦਾਤਰ, ਇਹ ਨੱਕ ਜਾਂ ਗਲੇ ਦੇ ਫੰਬੇ ਦੀ ਵਰਤੋਂ ਕਰਦਾ ਹੈ। ਇਹ ਦੇਖਣ ਲਈ ਕਿ ਕੀ ਤੁਹਾਡੇ ਸਰੀਰ ਨੇ ਵਾਇਰਸ ਲਈ ਐਂਟੀਬਾਡੀਜ਼ ਬਣਾਏ ਹਨ, ਇੱਕ ਖੂਨ ਦਾ ਟੈਸਟ ਇੱਕ ਹੋਰ ਕਿਸਮ ਦਾ ਕੋਵਿਡ-19 ਟੈਸਟ ਹੈ। ਜੇਕਰ ਤੁਹਾਡੇ ਅੰਦਰ ਐਂਟੀਬਾਡੀਜ਼ ਹੋਣ, ਇਸ ਤੋਂ ਭਾਵ ਹੈ ਕਿ ਤੁਹਾਨੂੰ ਪਹਿਲਾਂ ਵਾਇਰਸ ਸੀ ਜਾਂ ਤੁਹਾਡਾ ਟੀਕਾਕਰਨ ਕੀਤਾ ਗਿਆ ਹੈ।

## ਨਤੀਜਾ ਕੀ ਹੋਵੇਗਾ?

### ਵਾਇਰਲ ਟੈਸਟ (ਨੱਕ ਜਾਂ ਗਲੇ ਦਾ ਸਵੈਬ):

- ਡਾਕਟਰ ਤੁਹਾਡੇ ਟੈਸਟ ਦੇ ਨਤੀਜਿਆਂ ਨੂੰ ਦੇਖੇਗਾ। ਡਾਕਟਰ ਇਹ ਜਾਣ ਸਕਦਾ ਹੈ ਕਿ ਤੁਹਾਨੂੰ ਕਿਸੇ ਬਿਮਾਰੀ ਦੇ ਲੱਛਣ ਹਨ। ਇਹ ਬਿਮਾਰੀ ਅਸਾਨੀ ਨਾਲ ਦੂਜਿਆਂ ਵਿੱਚ ਫੈਲ ਸਕਦੀ ਹੈ ਜਾਂ ਤੁਹਾਨੂੰ ਬਹੁਤ ਜ਼ਿਆਦਾ ਬਿਮਾਰ ਹੋਣ ਦਾ ਖ਼ਤਰਾ ਵਧੇਰੇ ਹੋ ਸਕਦਾ ਹੈ।
- ਜੇ ਨਤੀਜੇ ਸਕਾਰਾਤਮਕ ਹਨ, ਤਾਂ ਇਸਦਾ ਮਤਲਬ ਹੈ ਕਿ ਤੁਹਾਨੂੰ ਇੱਕ ਕਿਰਿਆਸ਼ੀਲ ਇਨਫ਼ੈਕਸ਼ਨ ਹੈ। ਤੁਹਾਨੂੰ ਬਿਮਾਰੀ ਦੇ ਲੱਛਣ ਹੋ ਵੀ ਸਕਦੇ ਹਨ ਜਾਂ ਨਹੀਂ ਹੋ ਵੀ ਸਕਦੇ ਹਨ।
- ਜੇ ਨਤੀਜੇ ਨਕਾਰਾਤਮਕ ਹਨ, ਤਾਂ ਤੁਹਾਡੇ ਟੈਸਟ ਸਮੇਂ ਤੁਹਾਡੇ ਸੰਕ੍ਰਮਿਤ ਨਾ ਹੋਣ ਦੀ ਸੰਭਾਵਨਾ ਬਹੁਤ ਜ਼ਿਆਦਾ ਹੁੰਦੀ ਹੈ। ਨਮੂਨਾ ਤੁਹਾਡੀ ਇਨਫੈਕਸ਼ਨ ਦੇ ਸ਼ੁਰੂ ਵਿੱਚ ਇਕੱਤਰ ਕੀਤਾ ਗਿਆ ਹੋ ਸਕਦਾ ਹੈ। ਤੁਹਾਡੇ ਲੱਛਣ ਕਿਸੇ ਹੋਰ ਕਿਸਮ ਦੀ ਬਿਮਾਰੀ ਕਾਰਨ ਹੋ ਸਕਦੇ ਹਨ। ਇਸਦਾ ਮਤਲਬ ਇਹ ਨਹੀਂ ਹੈ ਕਿ ਤੁਹਾਨੂੰ COVID-19 ਨਹੀਂ ਹੋ ਸਕਦਾ ਹੈ। ਜੇ ਤੁਹਾਡੇ COVID-19 ਦੇ ਲੱਛਣ ਜਾਰੀ ਰਹਿੰਦੇ ਹਨ ਤਾਂ ਤੁਹਾਡਾ ਡਾਕਟਰ ਕਿਸੇ ਹੋਰ ਟੈਸਟ ਦਾ ਆਦੇਸ਼ ਦੇ ਸਕਦਾ ਹੈ।

### ਖੂਨ ਦੀ ਜਾਂਚ (ਐਂਟੀਬਾਡੀ ਟੈਸਟ):

- ਡਾਕਟਰ ਤੁਹਾਡੇ ਟੈਸਟ ਦੇ ਨਤੀਜਿਆਂ ਨੂੰ ਦੇਖੇਗਾ।

- ਜੇ ਨਤੀਜੇ ਪਾਜ਼ੇਟਿਵ ਹੁੰਦੇ ਹਨ, ਤਾਂ ਇਸਦਾ ਮਤਲਬ ਹੈ ਕਿ ਤੁਸੀਂ ਇੱਕ ਸਮੇਂ COVID-19 ਨਾਲ ਸੰਕ੍ਰਮਿਤ ਸੀ ਜਾਂ ਤੁਹਾਡਾ ਟੀਕਾਕਰਣ ਹੋਇਆ ਸੀ। ਤੁਸੀਂ ਬਿਮਾਰੀ ਤੋਂ ਬਚੇ ਹੋਏ ਹੋ ਸਕਦੇ ਹੋ, ਪਰ ਡਾਕਟਰਾਂ ਨੂੰ ਇਹ ਨਹੀਂ ਪਤਾ ਹੁੰਦਾ ਹੈ ਕਿ ਕੀ ਤੁਸੀਂ ਦੁਬਾਰਾ ਬਿਮਾਰ ਹੋਣ ਤੋਂ ਸੁਰੱਖਿਅਤ ਹੁੰਦੇ ਹੋ ਜਾਂ ਕਿੰਨੇ ਸਮੇਂ ਲਈ।
- ਜੇ ਨਤੀਜੇ ਨਕਾਰਾਤਮਕ ਹਨ, ਤਾਂ ਇਸਦਾ ਮਤਲਬ ਹੈ ਕਿ ਤੁਹਾਡੇ ਸਰੀਰ ਨੇ COVID-19 ਲਈ ਐਂਟੀਬਾਡੀਜ਼ ਨਹੀਂ ਬਣਾਈਆਂ ਹਨ। ਅਕਸਰ ਇਸ ਦਾ ਮਤਲਬ ਹੁੰਦਾ ਹੈ ਕਿ ਤੁਹਾਨੂੰ ਇਨਫੈਕਸ਼ਨ ਨਹੀਂ ਹੋਇਆ ਹੈ। ਇਸਦਾ ਮਤਲਬ ਇਹ ਵੀ ਹੋ ਸਕਦਾ ਹੈ ਕਿ ਤੁਹਾਨੂੰ ਹਾਲ ਹੀ ਵਿੱਚ ਇਨਫੈਕਸ਼ਨ ਹੋਇਆ ਹੈ ਅਤੇ ਤੁਹਾਡੇ ਸਰੀਰ ਨੂੰ ਐਂਟੀਬਾਡੀਜ਼ ਬਣਾਉਣ ਲਈ ਸਮਾਂ ਨਹੀਂ ਮਿਲਿਆ ਹੈ।
- ਇਹ ਟੈਸਟ ਬਿਮਾਰੀ ਦਾ ਪਤਾ ਲਗਾਉਣ ਵਿੱਚ ਜਨਤਕ ਸਿਹਤ ਅਧਿਕਾਰੀਆਂ ਦੀ ਮਦਦ ਕਰਨ ਲਈ ਉਪਯੋਗੀ ਹੈ। ਇਹ ਦੱਸਣਾ ਘੱਟ ਮਦਦਗਾਰ ਹੁੰਦਾ ਹੈ ਕਿ ਕੀ ਤੁਹਾਨੂੰ ਇੱਕ ਕਿਰਿਆਸ਼ੀਲ ਇਨਫੈਕਸ਼ਨ ਹੈ।

## ਕਾਰਵਾਈ ਤੋਂ ਪਹਿਲਾਂ ਕੀ ਹੁੰਦਾ ਹੈ?

- ਜਾਂਚ ਤੋਂ ਪਹਿਲਾਂ ਕਰਨ ਕੋਈ ਖਾਸ ਚੀਜ਼ ਨਹੀਂ ਹੈ।
- ਇਸ ਬਾਰੇ ਆਪਣੇ ਡਾਕਟਰ ਨਾਲ ਗੱਲ ਕਰੋ:
    - ਸਭ ਦਵਾਈਆਂ, ਜੋ ਤੁਸੀਂ ਲੈ ਰਹੇ ਹੋ
    - ਜੇਕਰ ਤੁਹਾਨੂੰ ਇਹਨਾਂ ਵਿੱਚੋਂ ਖੂਨ ਵੱਗਣ ਦੀ ਕੋਈ ਵੀ ਸਮੱਸਿਆ ਹੈ:

## ਕਾਰਵਾਈ ਦੌਰਾਨ ਕੀ ਹੁੰਦਾ ਹੈ?

ਇਹ ਜਾਂਚ ਕਰਨ ਵਿੱਚ ਸਿਰਫ ਕੁਝ ਕੁ ਮਿੰਟ ਲੱਗਣਗੇ। ਤੁਸੀਂ ਸਾਰਾ ਸਮੇਂ ਜਾਗਦੇ ਰਹੋਗੇ।

- **ਵਾਇਰਲ ਟੈਸਟ:** ਸਟਾਫ ਮੈਂਬਰ ਤੁਹਾਡੀ ਨੱਕ ਵਿੱਚ ਇੱਕ ਸਵੈਬ ਪਾਵੇਗਾ ਅਤੇ ਇਸ ਨੂੰ ਆਲੇ-ਦੁਆਲੇ ਘੁਮਾਏਗਾ। ਕਈ ਵਾਰੀ ਸਟਾਫ ਤੁਹਾਡੀ ਨੱਕ ਦੇ ਦੋਹਾਂ ਪਾਸੇ ਜਾਂ ਤੁਹਾਡੇ ਗਲੇ ਵਿੱਚ ਸਵੈਬ ਪਾਵੇਗਾ। ਸਟਾਫ ਤੁਹਾਨੂੰ ਅਜਿਹਾ ਆਪਣੇ ਆਪ ਕਰਨ ਲਈ ਕਹਿ ਸਕਦਾ ਹੈ। ਇਸ ਨਾਲ ਬੇਆਰਾਮੀ ਹੋ ਸਕਦੀ ਹੈ ਪਰ ਇਹ ਸਿਰਫ ਕੁਝ ਸਕਿੰਟਾਂ ਤੱਕ ਹੀ ਚੱਲੇਗੀ।
- **ਖੂਨ ਜਾਂਚ:** ਸਟਾਫ਼ ਸੂਈ ਨਾਲ ਤੁਹਾਡਾ ਥੋੜ੍ਹਾ ਜਿਹਾ ਖੂਨ ਲਵੇਗਾ। ਤੁਹਾਨੂੰ ਥੋੜਾ ਦਰਦ ਹੋ ਸਕਦਾ ਹੈ। ਸਟਾਫ਼ ਸੂਈ ਨੂੰ ਬਾਹਰ ਨਿਕਾਲ ਲਵੇਗਾ ਅਤੇ ਤੁਹਾਡੀ ਚਮੜੀ 'ਤੇ ਪੱਟੀ ਲਗਾ ਦੇਵੇਗਾ। ਕਈ ਵਾਰ ਸਟਾਫ ਤੁਹਾਡੀ ਉਂਗਲ 'ਤੇ ਸੂਈ ਚੁਭਾਏਗਾ ਅਤੇ ਟੈਸਟ ਲਈ ਥੋੜ੍ਹੀ ਜਿਹਾ ਖੂਨ ਲਵੇਗਾ।

## ਕਾਰਵਾਈ ਤੋਂ ਬਾਅਦ ਕੀ ਹੁੰਦਾ ਹੈ?

- ਤੁਸੀਂ ਸ਼ਾਇਦ ਖੜ੍ਹੇ ਹੋਣ ਤੋਂ ਪਹਿਲਾਂ ਕੁਝ ਮਿੰਟ ਲਈ ਚੁੱਪ ਚਾਪ ਬੈਠਣਾ ਚਾਹੋਗੇ। ਇਹ ਤੁਹਾਨੂੰ ਜਾਂਚ ਤੋਂ ਬਾਅਦ ਚੱਕਰ ਆਉਣ ਤੋਂ ਬਚਾਉਣ ਵਿੱਚ ਸਹਾਇਤਾ ਕਰੇਗਾ।
- ਜੇ ਤੁਹਾਡੀ ਖੂਨ ਦੀ ਜਾਂਚ ਹੋਈ ਸੀ, ਤਾਂ ਆਪਣੇ ਦੂਜੇ ਹੱਥ ਨਾਲ ਉਹ ਥਾਂ ਦਬਾਓ ਜਿੱਥੇ ਸੂਈ ਲੱਗੀ ਸੀ। ਇਹ ਜ਼ਖ਼ਮ ਅਤੇ ਖੂਨ ਵਗਣ ਨੂੰ ਰੋਕਣ ਵਿੱਚ ਸਹਾਇਤਾ ਕਰੇਗਾ।
- ਆਪਣੇ ਡਾਕਟਰ ਨੂੰ ਪੁੱਛੋ ਕਿ ਤੁਸੀਂ ਨਤੀਜਿਆਂ ਨੂੰ ਕਦੋਂ ਪ੍ਰਾਪਤ ਕਰ ਸਕਦੇ ਹੋ।

## ਘਰ ਵਿੱਚ ਕਿਹੜੀ ਸੰਭਾਲ ਦੀ ਲੋੜ ਹੈ?

ਜੇ ਤੁਸੀਂ ਸੋਚਦੇ ਹੋ ਕਿ ਤੁਹਾਨੂੰ ਕੋਵਿਡ-19 ਹੈ ਜਾਂ ਤੁਸੀਂ ਇਸ ਵਾਲੇ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਆਏ ਹੋ, ਤਾਂ ਘੱਟੋ ਘੱਟ 14 ਦਿਨ ਦੂਸਰਿਆਂ ਤੋਂ ਦੂਰ ਰਹੋ।

**ਕਿਹੜੀ ਫਾਲੋ-ਅਪ ਸੰਭਾਲ ਦੀ ਲੋੜ ਹੈ?**

ਤੁਹਾਡਾ ਡਾਕਟਰ ਤੁਹਾਨੂੰ ਤੁਹਾਡੇ ਸੁਧਾਰ ਬਾਰੇ ਜਾਂਚਣ ਲਈ ਦਫ਼ਤਰ ਆਉਣ ਲਈ ਕਹਿ ਸਕਦਾ ਹੈ। ਇਨ੍ਹਾਂ ਮੁਲਾਕਾਤਾਂ 'ਤੇ ਜਾਂਦੇ ਰਹਿਣ ਨੂੰ ਯਕੀਨੀ ਬਣਾਓ।

**ਕੀ ਸਮੱਸਿਆਵਾਂ ਆ ਸਕਦੀਆਂ ਹਨ?**

- ਦਰਦ
- ਨੀਲ ਪੈਣੇ
- ਖ਼ੂਨ ਵੱਗਣਾ
- ਚੱਕਰ ਮਹਿਸੂਸ ਕਰਨਾ

ਉਪਭੋਗਤਾ ਜਾਣਕਾਰੀ ਵਰਤੋਂ ਅਤੇ ਬੇਦਾਅਵਾ:

ਇਹ ਜਾਣਕਾਰੀ ਵਿਸ਼ੇਸ਼ ਡਾਕਟਰੀ ਸਲਾਹ ਨਹੀਂ ਹੈ ਅਤੇ ਇਹ ਤੁਹਾਡੇ ਸਿਹਤ ਦੇਖਭਾਲ ਪ੍ਰਦਾਤਾ ਤੋਂ ਤੁਹਾਨੂੰ ਮਿਲੀ ਜਾਣਕਾਰੀ ਦੀ ਥਾਂ ਨਹੀਂ ਲੈਂਦੀ ਹੈ। ਇਹ ਸਿਰਫ਼ ਆਮ ਜਾਣਕਾਰੀ ਦਾ ਇੱਕ ਸੰਖੇਪ ਸਾਰ ਹੈ। ਇਸ ਵਿੱਚ ਸਿਹਤ ਦੀਆਂ ਸਮੱਸਿਆਵਾਂ, ਬਿਮਾਰੀਆਂ, ਸੱਟਾਂ, ਜਾਂਚਾਂ, ਪ੍ਰਕਿਰਿਆਵਾਂ, ਇਲਾਜਾਂ, ਥੈਰੇਪੀਆਂ, ਛੁੱਟੀ ਦੀਆਂ ਹਿਦਾਇਤਾਂ ਜਾਂ ਜੀਵਨ ਸ਼ੈਲੀ ਦੀਆਂ ਚੋਣਾਂ ਜੋ ਤੁਹਾਡੇ 'ਤੇ ਲਾਗੂ ਹੋ ਸਕਦੀਆਂ ਹਨ, ਬਾਰੇ ਸਾਰੀ ਜਾਣਕਾਰੀ ਸ਼ਾਮਲ ਨਹੀਂ ਹੈ। ਆਪਣੀ ਸਿਹਤ ਅਤੇ ਇਲਾਜ ਦੀਆਂ ਚੋਣਾਂ ਬਾਰੇ ਮੁਕੰਮਲ ਜਾਣਕਾਰੀ ਵਾਸਤੇ ਤੁਹਾਨੂੰ ਆਪਣੇ ਸਿਹਤ ਦੇਖਭਾਲ ਪ੍ਰਦਾਤਾ ਨਾਲ ਗੱਲ ਜ਼ਰੂਰ ਕਰਨੀ ਚਾਹੀਦੀ ਹੈ। ਇਸ ਜਾਣਕਾਰੀ ਨੂੰ ਇਹ ਫ਼ੈਸਲਾ ਲੈਣ ਲਈ ਨਹੀਂ ਵਰਤਿਆ ਜਾਣਾ ਚਾਹੀਦਾ ਕਿ ਤੁਹਾਡੇ ਸਿਹਤ ਦੇਖਭਾਲ ਪ੍ਰਦਾਤਾ ਦੀ ਸਲਾਹ, ਹਿਦਾਇਤਾਂ ਜਾਂ ਸਿਫਾਰਸ਼ਾਂ ਨੂੰ ਪ੍ਰਵਾਨ ਕਰਨਾ ਹੈ ਜਾਂ ਨਹੀਂ। ਸਿਰਫ਼ ਤੁਹਾਡੇ ਸਿਹਤ ਦੇਖਭਾਲ ਪ੍ਰਦਾਤਾ ਕੋਲ ਹੀ ਤੁਹਾਨੂੰ ਤੁਹਾਡੇ ਲਈ ਸਹੀ ਸਲਾਹ ਮੁਹੱਈਆ ਕਰਨ ਦੀ ਜਾਣਕਾਰੀ ਅਤੇ ਸਿਖਲਾਈ ਹੈ। https://www.wolterskluwer.com/en/know/clinical-effectiveness-terms

Last Updated 4/13/22

Wolters Kluwer

© 2022 UpToDate, Inc. and its affiliates and/or licensors. All rights reserved.